ਰਲ ਕੇ ਕੰਮ ਕਰਨਾ

ਸੈਂਟਰ ਫਾਰ ਚਾਇਲਡ ਡਿਵੈਲਪਮੈਂਟ (ਬੱਚਿਆਂ ਦੇ ਵਿਕਾਸ ਲਈ ਸੈਂਟਰ) ਸਾਡੀਆਂ ਸੇਵਾਵਾਂ ਵਾਲੇ ਬੱਚਿਆਂ ਦੇ ਮਾਪਿਆਂ ਅਤੇ ਸੰਭਾਲ ਕਰਨ ਵਾਲਿਆਂ ਨਾਲ ਰਲ ਕੇ ਕੰਮ ਕਰਨ ਲਈ ਵਚਨਬੱਧ ਹੈ।

**ਸਾਡੀਆਂ ਜ਼ਿੰਮੇਵਾਰੀਆਂ:**

- ਤੁਹਾਡੇ ਅਤੇ ਤੁਹਾਡੇ ਬੱਚੇ ਨਾਲ ਆਦਰ ਵਾਲਾ ਵਰਤਾਉ ਕਰਨਾ।
- ਤੁਹਾਡੀ ਜਾਣਕਾਰੀ ਨੂੰ ਗੁਪਤ ਰੱਖਣਾ।
- ਤੁਹਾਡੇ ਭੇਤਦਾਰੀ ਦੇ ਹੱਦ ਦਾ ਸਤਿਕਾਰ ਕਰਨਾ।
- ਤੁਹਾਡੇ ਬੱਚੇ ਬਾਰੇ ਕੀਤੇ ਜਾਣ ਵਾਲੇ ਸਾਰੇ ਫੈਸਲਿਆਂ ਵਿਚ ਤੁਹਾਨੂੰ ਸ਼ਾਮਲ ਕਰਨਾ।
- ਤੁਹਾਡੇ ਬੱਚੇ ਦੀਆਂ ਲੋੜਾਂ, ਤੁਹਾਡੇ ਪਰਿਵਾਰ ਦੇ ਟੀਚਿਆਂ ਅਤੇ ਮੌਜੂਦਾ ਪੇਸ਼ਾਵਰ ਮਿਆਰਾਂ ਨੂੰ ਆਧਾਰ ਬਣਾ ਕੇ ਇਲਾਜ ਕਰਨਾ ਜਾਂ ਹੋਰ ਸੇਵਾਵਾਂ ਦੇਣਾ।
- ਤੁਹਾਨੂੰ ਅਜਿਹੀ ਜਾਣਕਾਰੀ ਦੇਣਾ ਜਿਹੜੀ ਸਾਫ ਸਾਫ ਅਤੇ ਸਮਝ ਆਉਣ ਵਾਲੀ ਹੋਵੇ।
- ਤੁਹਾਨੂੰ ਸੁਝਾਅ ਜਾਂ ਘਰ ਲਈ ਪ੍ਰੋਗਰਾਮ ਦੇਣਾ ਕਿਉਂਕਿ ਜਦੋਂ ਸਾਰੇ ਰਲ ਕੇ ਕੰਮ ਕਰਦੇ ਹਨ ਤਾਂ ਬੱਚੇ ਸਭ ਤੋਂ ਵਧੀਆ ਵਿਕਾਸ ਕਰਦੇ ਹਨ।
- ਤੁਹਾਨੂੰ ਆਪਣੇ ਇਲਾਕੇ ਵਿਚਲੀਆਂ ਹੋਰ ਸੇਵਾਵਾਂ ਬਾਰੇ ਜਾਣਕਾਰੀ ਦੇਣਾ ਜਿਹੜੀਆਂ ਤੁਹਾਡੀ ਅਤੇ ਤੁਹਾਡੇ ਬੱਚੇ ਦੀ ਮਦਦ ਕਰ ਸਕਦੀਆਂ ਹਨ।

**ਤੁਹਾਡੀਆਂ ਜ਼ਿੰਮੇਵਾਰੀਆਂ:**

- ਸਟਾਫ, ਹੋਰ ਗਾਹਕਾਂ ਅਤੇ ਸੈਂਟਰ ਫਾਰ ਚਾਇਲਡ ਡਿਵੈਲਪਮੈਂਟ ਦੀਆਂ ਚੀਜ਼ਾਂ ਨਾਲ ਆਦਰ ਵਾਲਾ ਵਰਤਾਉ ਕਰਨਾ।
- ਆਪਣੀਆਂ ਅਪੌਇੰਟਮੈਂਟਾਂ ’ਤੇ ਸਮੇਂ ਸਿਰ ਪਹੁੰਚਣਾ।
- ਜੇ ਤੁਸੀਂ ਕਿਸੇ ਅਪੌਇੰਟਮੈਂਟ ’ਤੇ ਨਾ ਆ ਸਕਦੇ ਹੋਵੋ ਤਾਂ ਸੈਂਟਰ ਨੂੰ ਘੱਟੋ ਘੱਟ 24 ਘੰਟੇ ਪਹਿਲਾਂ ਦੱਸਣਾ। ਤੁਸੀਂ (604) 584-1361 ’ਤੇ ਫੋਨ ਕਰ ਸਕਦੇ ਹੋ ਅਤੇ ਆਪਣੀ ਟੀਮ ਦੇ ਕਿਸੇ ਮੈਂਬਰ ਨੂੰ ਜਾਂ ਰਿਸੈਪਸ਼ਨਿਸਟ ਨੂੰ ਸੁਨੇਹਾ ਛੱਡ ਸਕਦੇ ਹੋ।
- ਜਦੋਂ ਤੁਸੀਂ ਜਾਂ ਤੁਹਾਡਾ ਬੱਚਾ ਬੀਮਾਰ ਹੋਵੋ ਜਾਂ ਜ਼ੁਕਾਮ ਹੋਇਆ ਹੋਵੇ ਤਾਂ ਅਪੌਇੰਟਮੈਂਟਾਂ ਕੈਂਸਲ ਕਰਨਾ।
- ਇਹ ਸਮਝਣਾ ਕਿ ਅਸੀਂ ਖੁੰਝ ਗਈਆਂ ਅਪੌਇੰਟਮੈਂਟਾਂ ਦੁਬਾਰਾ ਨਹੀਂ ਬਣਾ ਸਕਦੇ।
- ਟੀਚੇ ਤਹਿ ਕਰਨ ਵਿਚ ਹਿੱਸਾ ਲੈਣਾ, ਦਖਲਅੰਦਾਜ਼ੀ ਕਰਨ ਵਾਲੀਆਂ ਬੈਠਕਾਂ ਵਿਚ ਸ਼ਾਮਲ ਹੋਣਾ, ਅਤੇ ਘਰ ਵਿਚ ਆਪਣੇ ਬੱਚੇ ਨਾਲ ਕੰਮ ਕਰਨ ਲਈ ਕੀਤੀਆਂ ਗਈਆਂ ਸਿਫਾਰਸ਼ਾਂ ’ਤੇ ਅਮਲ ਕਰਨਾ।
- ਤੁਹਾਡੇ ਬੱਚੇ ਦੇ ਵਿਕਾਸ ’ਤੇ ਵਿਚਾਰ ਕਰਨ ਲਈ, ਤੁਹਾਡੇ ਬੱਚੇ ਦੀਆਂ ਲੋੜਾਂ ਦੀ ਪਛਾਣ ਕਰਨ ਲਈ ਅਤੇ ਭਵਿੱਖ ਦੀਆਂ ਸੇਵਾਵਾਂ ਲਈ ਵਿਉਂਤ ਬਣਾਉਣ ਲਈ ਆਪਣੇ ਬੱਚੇ ਦੀ ਟੀਮ ਨਾਲ *ਸਲਾਨਾ ਵਿਚਾਰ ਦੀਆਂ ਮੀਟਿੰਗਾਂ* ਵਿਚ ਹਿੱਸਾ ਲੈਣਾ।
- ਸਰਵਿਸ ਬਾਰੇ ਜੇ ਕੋਈ ਫਿਕਰ ਜਾਂ ਸਵਾਲ ਹੋਣ ਤਾਂ ਇਹ ਆਪਣੇ ਬੱਚੇ ਦੀ ਟੀਮ ਕੋਲ ਉਠਾਉਣਾ।
- ਜੇ ਤੁਸੀਂ ਆਪਣਾ ਫੋਨ ਨੰਬਰ, ਐਡਰੈਸ ਬਦਲ ਲਵੋ, ਅਤੇ/ਜਾਂ ਜੇ ਤੁਹਾਡੇ ਬੱਚੇ ਦੀ ਕਸਟਡੀ ਬਦਲ ਜਾਵੇ ਤਾਂ ਆਪਣੇ ਬੱਚੇ ਦੀ ਟੀਮ ਦੇ ਕਿਸੇ ਮੈਂਬਰ ਅਤੇ/ਜਾਂ ਰਿਸੈਪਸ਼ਨਿਸਟ ਨੂੰ ਦੱਸਣਾ।

ਸੈਂਟਰ ਫਾਰ ਚਾਇਲਡ ਡਿਵੈਲਪਮੈਂਟ